15ਵੀਂ ਵਿਧਾਨ ਸਭਾ
14ਵਾਂ ਸਮਾਗਮ (ਬਜਟ)

# ਪੰਜਾਬ ਵਿਧਾਨ ਸਭਾ
## ਬੁਲੇਟਿਨ ਨੰ. 5

ਸ਼ੁਕਰਵਾਰ, 5 ਮਾਰਚ, 2021
(10.00 ਵਜੇ ਸਵੇਰ ਤੋਂ 3.27 ਵਜੇ ਬਾਅਦ ਦੁਪਹਿਰ ਤੱਕ)

1. **ਪ੍ਰਸ਼ਨ**

(ੳ) ਨਿਸ਼ਾਨ ਵਾਲੇ ਪ੍ਰਸ਼ਨ:

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 12 | - | - | 08 | 24 |

(ਅ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ: 12

2. **ਪ੍ਰਸ਼ਨ ਕਾਲ ਦਾ ਸਮਾਂ ਵਧਾਉਣਾ**

ਮਾਨਯੋਗ ਸਪੀਕਰ ਦੁਆਰਾ ਸਦਨ ਦੀ ਸਹਿਮਤੀ ਨਾਲ ਅੱਜ ਦੀ ਪ੍ਰਸ਼ਨਾਂ ਦੀ ਸੂਚੀ ਵਿਚ ਦਰਜ ਪ੍ਰਸ਼ਨ ਨੰ: 3192 ਤੇ ਸਪਲੀਮੈਂਟਰੀ ਖਤਮ ਹੋਣ ਤੱਕ ਪ੍ਰਸ਼ਨ ਕਾਲ ਦਾ ਸਮਾਂ ਵਧਾਇਆ ਗਿਆ।

3. **ਧਿਆਨ ਦਿਵਾਊ ਨੋਟਿਸ**

1. ਸ਼੍ਰੀਮਤੀ ਰੁਪਿੰਦਰ ਕੌਰ ਰੂਬੀ, ਐਮ.ਐਲ.ਏ. ਅਤੇ ਸਰਦਾਰ ਗੁਰਮੀਤ ਸਿੰਘ ਮੀਤ ਹੇਹਰ, ਐਮ.ਐਲ.ਏ. ਵਲੋਂ ਰਾਜ ਵਿਚ ਖਾਸ ਕਰਕੇ ਬਠਿੰਡਾ (ਦਿਹਾਤੀ) ਅਤੇ ਜਿਲ੍ਹਾ ਬਰਨਾਲਾ ਵਿਚ ਸਥਿਤ ਸਿਹਤ ਕੇਂਦਰਾਂ ਦੀ ਖਸਤਾ ਹਾਲਤ ਵੱਲ ਸਰਕਾਰ ਦਾ ਧਿਆਨ ਦਿਵਾਇਆ ਗਿਆ।

(ਨੰ:32 ਅਤੇ 38)

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਨੇ ਜਵਾਬ ਦਿੱਤਾ।

2. ਸਰਦਾਰ ਗੁਰਮੀਤ ਸਿੰਘ ਮੀਤ ਹੇਹਰ, ਐਮ.ਐਲ.ਏ ਵਲੋਂ ਬਰਨਾਲਾ ਵਿਚ ਬਾਬਾ ਕਾਲਾ ਮਹਿਰ ਸਪੋਰਟਸ ਸਟੇਡੀਅਮ ਦੇ ਅਧੂਰੇ ਪਏ ਕੰਮ ਵੱਲ ਸਰਕਾਰ ਦਾ ਧਿਆਨ ਦਿਵਾਇਆ ਗਿਆ।

(ਨੰ: 35)

ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਨੇ ਜਵਾਬ ਦਿੱਤਾ।

3. ਸਰਦਾਰ ਜਗਦੇਵ ਸਿੰਘ ਕਮਾਲੂ, ਐਮ.ਐਲ.ਏ ਵਲੋਂ ਮੌੜ ਮੰਡੀ ਬੰਬ ਬਲਾਸਟ ਦੇ ਬਾਕੀ ਬਚੇ ਵਿਅਕਤੀਆਂ (60% ਅੰਗਹੀਣ) ਨੂੰ ਮੁਆਵਜ਼ਾ ਨਾ ਦੇਣ ਵੱਲ ਸਰਕਾਰ ਦਾ ਧਿਆਨ ਦਿਵਾਇਆ ਗਿਆ।

(ਨੰ: 36)

ਮਾਲ, ਪੁਨਰਵਾਸ ਅਤੇ ਆਫ਼ਤ ਪ੍ਰਬੰਧਨ ਮੰਤਰੀ ਨੇ ਜਵਾਬ ਦਿੱਤਾ।

4. **ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ**

ਸੰਸਦੀ ਮਾਮਲੇ ਮੰਤਰੀ ਨੇ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ: III ਅਧੀਨ ਦਰਸਾਏ ਗਏ ਲੜੀ ਨੰ: 1 ਤੋਂ 4 ਤੱਕ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖੇ।

5. **ਰਿਪੋਰਟਾਂ ਪੇਸ਼ ਕਰਨਾ**

1. ਸਰਕਾਰੀ ਕਾਰੋਬਾਰ ਕਮੇਟੀ ਦੇ ਮੈਂਬਰ (ਸਰਦਾਰ ਰਮਨਜੀਤ ਸਿੰਘ ਸਿੱਕੀ) ਨੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਸਬੰਧ ਵਿਚ ਸਾਲ 2014-15 ਲਈ ਸਰਕਾਰੀ ਅਦਾਰਿਆਂ (ਸਮਾਜਿਕ, ਆਮ ਅਤੇ ਆਰਥਿਕ ਖੇਤਰਾਂ) ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡਿਟਰ ਜਨਰਲ ਦੀ ਰਿਪੋਰਟ ਵਿਚ ਦਰਜ ਆਡਿਟ ਪੈਰ੍ਹਿਆਂ ਤੇ ਸਰਕਾਰੀ ਕਾਰੋਬਾਰ ਕਮੇਟੀ ਦੀ 119ਵੀਂ ਰਿਪੋਰਟ ਪੇਸ਼ ਕੀਤੀ।

2. ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ ਦੇ ਸਭਾਪਤੀ (ਸਰਦਾਰ ਇੰਦਰਬੀਰ ਸਿੰਘ ਬੁਲਾਰੀਆ) ਨੇ ਸਾਲ 2020-21 ਲਈ ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ ਦੀ 50ਵੀਂ ਰਿਪੋਰਟ ਪੇਸ਼ ਕੀਤੀ।

8/3/21

Principal Chief Reporter
Punjab Vidhan Sabha
Chandigrah

3. ਕੁਐਸ਼ਚਨਜ਼ ਐਂਡ ਰੈਫਰੈਂਸਿਜ਼ ਕਮੇਟੀ ਦੇ ਸਭਾਪਤੀ (ਸਰਦਾਰ ਪਰਮਿੰਦਰ ਸਿੰਘ ਪਿੰਕੀ) ਨੇ ਸਾਲ 2020-21 ਲਈ ਕੁਐਸ਼ਚਨਜ਼ ਐਂਡ ਰੈਫਰੈਂਸਿਜ਼ ਕਮੇਟੀ ਦੀ 14ਵੀਂ ਰਿਪੋਰਟ ਪੇਸ਼ ਕੀਤੀ।

4. ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਦੇ ਸਭਾਪਤੀ (ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ) ਨੇ ਨਿਮਨਲਿਖਤ ਰਿਪੋਰਟਾਂ ਪੇਸ਼ ਕੀਤੀਆਂ:-

(i) ਮਿਊਂਸਪਲ ਕੌਂਸਲ, ਮਾਨਸਾ ਦੇ ਆਮ ਕੰਮ-ਕਾਰ ਤੇ ਸਥਾਨਕ ਸਰਕਾਰ ਅਤੇ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਦੀ 22ਵੀਂ ਰਿਪੋਰਟ ਪੇਸ਼ ਕੀਤੀ।

(ii) ਪੰਚਾਇਤ ਸੰਮਤੀ, ਖਰੜ, ਜਿਲ੍ਹਾ ਐਸ.ਏ.ਐਸ ਨਗਰ (ਮੋਹਾਲੀ) ਦੇ ਆਮ ਕੰਮ-ਕਾਰ ਤੇ ਸਥਾਨਕ ਸਰਕਾਰ ਅਤੇ ਪੰਚਾਇਤੀ ਰਾਜ ਇਕਾਈਆਂ ਸਬੰਘੀ ਕਮੇਟੀ ਦੀ 23ਵੀਂ ਰਿਪੋਰਟ ਪੇਸ਼ ਕੀਤੀ।

6. <u>ਰਾਜਪਾਲ ਦੇ ਭਾਸ਼ਣ ਤੇ ਬਹਿਸ ਮੁੜ ਆਰੰਭ ਕਰਨਾ ਅਤੇ ਧੰਨਵਾਦ ਪ੍ਰਸਤਾਵ ਤੇ ਵੋਟ</u>

ਡਾਕਟਰ ਰਾਜ ਕੁਮਾਰ ਵੇਰਕਾ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਵਲੋਂ ਰਾਜਪਾਲ ਦੇ ਭਾਸ਼ਣ ਤੇ ਪੇਸ਼ ਕੀਤਾ ਗਿਆ ਨਿਮਨਲਿਖਤ ਪ੍ਰਸਤਾਵ ਜਿਸ ਦੀ ਸਰਦਾਰ ਹਰਮਿੰਦਰ ਸਿੰਘ ਗਿੱਲ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਵੱਲੋਂ ਪ੍ਰੋੜ੍ਹਤਾ ਕੀਤੀ ਗਈ, ਤੇ ਬਹਿਸ ਮੁੜ ਆਰੰਭ ਹੋਈ ਅਤੇ ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਸਦਨ ਵਿਚ ਮੈਜੂਦ ਮੈਂਬਰਾਂ ਵਲੋਂ ਸਰਬਸੰਮਤੀ ਨਾਲ ਪ੍ਰਵਾਨ ਹੋਇਆ:-

"ਕਿ ਰਾਜਪਾਲ ਜੀ ਨੂੰ ਨਿਮਨਲਿਖਤ ਸ਼ਬਦਾਂ ਵਿੱਚ ਮਾਣ-ਪੱਤਰ ਪੇਸ਼ ਕੀਤਾ ਜਾਵੇ:

" ਕਿ ਇਸ ਸਮਾਗਮ ਵਿਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 1 ਮਾਰਚ, 2021 ਨੂੰ ਸਦਨ ਵਿਚ ਦੇਣ ਦੀ ਕ੍ਰਿਪਾਲਤਾ ਕੀਤੀ ।"

ਬਹਿਸ ਦਾ ਜਵਾਬ ਦਿੰਦੇ ਸਮੇਂ ਮਾਨਯੋਗ ਮੁੱਖ ਮੰਤਰੀ 1 ਘੰਟਾ 02 ਮਿੰਟ ਲਈ ਬੋਲੇ।

7. <u>ਵਾਕ ਆਊਟ</u>

(i) ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿਚ ਹਾਜਰ ਮੈਂਬਰ ਮਹਿੰਗੀ ਬਿਜਲੀ ਦੇ ਮੁੱਦੇ ਤੇ ਰੋਸ ਵਜੋਂ ਸਰਕਾਰ ਵਿਰੋਧੀ ਨਾਅਰੇ ਮਾਰਦੇ ਹੋਏ ਸਦਨ ਵਿਚੋਂ ਵਾਕ-ਆਊਟ ਕਰ ਗਏ।

(ii) ਸਰਦਾਰ ਸੁਖਪਾਲ ਸਿੰਘ ਖਹਿਰਾ, ਸਰਦਾਰ ਜਗਦੇਵ ਸਿੰਘ ਕਮਾਲੂ, ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਅਤੇ ਸਰਦਾਰ ਕੰਵਰ ਸੰਧੂ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਖੇਤੀਬਾੜੀ ਵਿਸ਼ੇ ਦੇ ਕੇਂਦਰ ਸਰਕਾਰ ਵਲੋਂ ਬਣਾਈ ਗਈ ਹਾਈ-ਪਾਵਰਡ ਕਮੇਟੀ ਦੀਆਂ ਮੀਟਿੰਗਾਂ ਸਬੰਧੀ ਸਦਨ ਵਿਚੋਂ ਸਰਕਾਰ ਵਿਰੋਧੀ ਨਾਅਰੇ ਮਾਰਦੇ ਹੋਏ ਵਾਕ-ਆਊਟ ਕਰ ਗਏ।

8. <u>ਸਰਕਾਰੀ ਮਤਾ</u>

ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ ਦੁਆਰਾ ਪੇਸ਼ ਕੀਤਾ ਗਿਆ ਨਿਮਨਲਿਖਤ ਮਤਾ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਸਦਨ ਵਿਚ ਮੌਜੂਦ ਮੈਂਬਰਾਂ ਵਲੋਂ ਸਰਬਸੰਮਤੀ ਨਾਲ ਪ੍ਰਵਾਨ ਹੋਇਆ :-

"That this House regrets to note that the Government of India has not resolved the present crises emanating from the agitation of the farmers against the new farms laws namely:-

a) The Farmer's Produce Trade and Commerce (Promotion and Facilitation) Act, 2020;

b) The Farmers (Empowerment and Protection) Agreement on Price Assurance and Farm Services Act 2020, and

c) Essential Commodities (Amendment) Act, 2020

Now, I have been conveyed the assent of Hon'ble President under Article 254(2) of the Constitution to the three Amendment Bills namely:

a) The Farmer's Produce Trade and Commerce (Promotion and Facilitation) Act, Special Provisions and Punjab Amendment Bill 2020

b) The Farmers (Empowerment and Protection) Agreement on Price Assurance and Farm Services special provisions and Punjab Amendment Bill 2020.

c) Essential Commodities special provisions at Punjab Amendment Bill, 2020 and

d) The Code of Civil Procedure Punjab Amendment Bill 2020 passed on 20th October, 2020.

Copies of State Amendment Bills are attached. This inconsiderate and irresponsible attitude has aggravated the situation and enhanced unrest and anguish among the farmers who have been continuing with their peaceful agitation against the new Central Farm Laws. In the process, not only the livelihood of our large number of farmers and farm workers have been adversely affected but substantial loss has also been caused to trade, business and industry in the State. Even the precious lives of 125 farmers of Punjab and farm workers have so far been lost. As a consequence of the unfair and the unjust attitude of the Government of India, the farmers are persisting with their demand to repeal these new central laws. Therefore, the House resolves to once again urge upon the Government of India to withdraw these laws unconditionally in the larger interest of the farmers and the State and continue with the existing system of MSP based Government procurement of foodgrains."

ਮਤੇ ਤੇ ਹੋਈ ਬਹਿਸ ਤੇ ਨਿਮਨਲਿਖਤ ਮੈਂਬਰ ਸਾਹਿਬਾਨ ਨੇ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:-

| | | |
|---|---|---|
| 1. | ਸਰਦਾਰ ਕੁਲਤਾਰ ਸਿੰਘ ਸੰਧਵਾਂ, ਆਮ ਆਦਮੀ ਪਾਰਟੀ | 01 ਮਿੰਟ |
| 2. | ਸਰਦਾਰ ਹਰਪਾਲ ਸਿੰਘ ਚੀਮਾ, ਵਿਰੋਧੀ ਧਿਰ ਦੇ ਨੇਤਾ | 01 ਮਿੰਟ |
| 2. | ਸਰਦਾਰ ਕੰਵਰ ਸੰਧੂ, ਆਮ ਆਦਮੀ ਪਾਰਟੀ | 01 ਮਿੰਟ |
| 3. | ਸਰਦਾਰ ਸੁਖਪਾਲ ਸਿੰਘ ਖਹਿਰਾ, ਆਮ ਆਦਮੀ ਪਾਰਟੀ | 01 ਮਿੰਟ |
| 4. | ਸਰਦਾਰ ਸਿਮਰਜੀਤ ਸਿੰਘ ਬੈਂਸ, ਲੋਕ ਇਨਸਾਫ਼ ਪਾਰਟੀ | 01 ਮਿੰਟ |

9. **ਮੰਤਰੀ ਵਲੋਂ ਸਪਸ਼ਟੀਕਰਣ**

ਆਮ ਆਦਮੀ ਪਾਰਟੀ ਵਲੋਂ ਕੇਂਦਰ ਸਰਕਾਰ ਦੁਆਰਾ ਖੇਤੀਬਾੜੀ ਦੇ ਵਿਸ਼ੇ ਤੇ ਬਣਾਈ ਗਈ ਹਾਈ-ਪਾਵਰਡ ਕਮੇਟੀ ਦੀਆਂ ਮੀਟਿੰਗਾਂ ਸਬੰਧੀ ਉਠਾਏ ਗਏ ਮਾਮਲੇ ਤੇ ਸਰਦਾਰ ਮਨਪ੍ਰੀਤ ਸਿੰਘ ਬਾਦਲ, ਵਿੱਤ ਮੰਤਰੀ ਵਲੋਂ ਸਦਨ ਵਿਚ ਸਪੱਸ਼ਟੀਕਰਣ ਦਿੱਤਾ ਗਿਆ।

10. **ਮੈਂਬਰਾਂ ਨੂੰ ਨੇਮ ਕਰਨਾ/ਮੁਅੱਤਲ ਕਰਨਾ**

ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਮੈਂਬਰਾਂ ਵੱਲੋਂ, ਚੇਅਰ ਦੇ ਬਾਰ ਬਾਰ ਅਪੀਲ ਕਰਨ ਦੇ ਬਾਵਜੂਦ, ਲਗਾਤਾਰ ਸਦਨ ਦੀ ਕਾਰਵਾਈ ਵਿੱਚ ਵਿਘਨ ਪਾਉਣ ਕਾਰਨ ਮਾਨਯੋਗ ਸਪੀਕਰ ਵੱਲੋਂ ਉਨ੍ਹਾਂ ਨੂੰ ਨੇਮ ਕੀਤਾ ਗਿਆ ਅਤੇ ਸੈਸ਼ਨ ਦੇ ਰਹਿੰਦੇ ਸਮੇਂ ਤੱਕ ਮੁਅੱਤਲ ਕੀਤਾ ਗਿਆ।

11. **ਸਦਨ ਨੂੰ ਥੋੜ੍ਹੇ ਸਮੇਂ ਲਈ ਸਥਗਿਤ ਕਰਨਾ**

ਮਾਨਯੋਗ ਸਪੀਕਰ ਵੱਲੋਂ ਸਦਨ 12.45 ਵਜੇ ਬਾਅਦ ਦੁਪਹਿਰ ਤੋਂ 01.00 ਵਜੇ ਬਾਅਦ ਦੁਪਹਿਰ ਤੱਕ ਅਤੇ ਦੁਬਾਰਾ 1.30 ਵਜੇ ਬਾਅਦ ਦੁਪਹਿਰ ਤੋਂ 1.45 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਕੀਤਾ ਗਿਆ।

12. **ਸਦਨ ਦਾ ਸਮਾਂ ਵਧਾਉਣਾ**

ਮਾਨਯੋਗ ਸਪੀਕਰ ਵੱਲੋਂ ਸਦਨ ਦੀ ਸਹਿਮਤੀ ਨਾਲ ਅੱਜ ਦੀ ਬੈਠਕ ਦਾ ਸਮਾਂ ਅੱਜ ਦੀ ਕਾਰਜਸੂਚੀ ਵਿੱਚ ਦਰਸਾਏ ਬਿਜਨਸ ਦੇ ਖਤਮ ਹੋਣ ਤੱਕ ਵਧਾਇਆ ਗਿਆ।

13. **ਹਾਊਸ ਦੀ ਕਮੇਟੀ ਦੇ ਗਠਨ ਸਬੰਧੀ**

ਸਰਦਾਰ ਕੰਵਰ ਸੰਧੂ, ਮੈਂਬਰ, ਆਮ ਆਦਮੀ ਪਾਰਟੀ ਦੁਆਰਾ ਕਿਸਾਨ ਅੰਦੋਲਨ ਨਾਲ ਜੁੜੇ ਲੋਕਾਂ ਤੇ ਹਰਿਆਣਾ ਪੁਲਿਸ ਵਲੋਂ ਤਸ਼ੱਦਦ ਕਰਨ, ਕੁਝ ਗੁੰਡਿਆਂ ਵਲੋਂ ਕਿਸਾਨ ਅੰਦੋਲਨ ਦੇ ਲੋਕਾਂ ਤੇ ਤਸ਼ੱਦਦ ਕਰਨ ਅਤੇ ਤਿਹਾੜ ਜੇਲ੍ਹ ਵਿਚ ਲੋਕਾਂ ਤੇ ਬੁਰੀ ਤਰ੍ਹਾਂ ਤਸ਼ੱਦਦ ਕਰਨ ਅਤੇ ਉਨ੍ਹਾਂ ਦੇ ਧਰਮ ਦਾ ਅਪਮਾਨ ਕਰਨ ਦੇ ਵਿਸ਼ਿਆਂ ਤੇ ਮੁੱਖ ਮੰਤਰੀ ਨੂੰ ਹਾਊਸ ਦੀ ਕਮੇਟੀ ਬਣਾਉਣ ਦੀ ਬੇਨਤੀ ਕਰਨ ਤੇ ਮੁੱਖ ਮੰਤਰੀ ਵਲੋਂ ਇਸ ਤੇ ਸਹਿਮਤੀ ਪ੍ਰਗਟ ਕਰਦੇ ਹੋਏ ਹਾਊਸ ਨੂੰ ਕਮੇਟੀ ਬਣਾਉਣ ਦੀ ਬੇਨਤੀ ਕੀਤੀ ਗਈ। ਮਾਨਯੋਗ ਸਪੀਕਰ ਵਲੋਂ ਸਦਨ ਦੇ ਨੇਤਾ ਦੇ ਕਹਿਣ ਤੇ ਤਿੰਨੋਂ ਵਿਸ਼ਿਆਂ ਸਬੰਧੀ ਹਾਊਸ ਕਮੇਟੀ ਦੇ ਗਠਨ ਦਾ ਐਲਾਨ ਕੀਤਾ ਗਿਆ।

14. **ਧੰਨਵਾਦ ਪ੍ਰਸਤਾਵ ਤੇ ਸੋਧਨਾ**

ਰਾਜਪਾਲ ਦੇ ਭਾਸ਼ਣ ਤੇ ਨਿਮਨਲਿਖਤ ਪ੍ਰਸਤਾਵ ਜੋ ਕਿ ਕ੍ਰਮਵਾਰ ਸਰਦਾਰ ਬਿਕਰਮ ਸਿੰਘ ਮਜੀਠੀਆ, ਐਮ.ਐਲ.ਏ. ਵਲੋਂ ਇਕ, ਸ਼੍ਰੀ ਐਨ.ਕੇ. ਸ਼ਰਮਾ, ਐਮ.ਐਲ.ਏ. ਵਲੋਂ ਦੋ, ਸਰਦਾਰ ਬਲਦੇਵ ਸਿੰਘ ਖਹਿਰਾ, ਐਮ.ਐਲ.ਏ. ਵਲੋਂ ਇਕ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ. ਵਲੋਂ ਇਕ, ਡਾਕਟਰ ਸੁਖਵਿੰਦਰ ਕੁਮਾਰ, ਐਮ.ਐਲ.ਏ. ਵਲੋਂ ਇਕ ਅਤੇ ਸ਼੍ਰੀ ਪਵਨ ਕੁਮਾਰ ਟੀਨੂੰ, ਐਮ.ਐਲ.ਏ ਵਲੋਂ ਇਕ ਸੋਧਨਾ ਨੋਟਿਸ ਸਦਨ ਵਿੱਚ ਇਕੱਠੇ ਪੇਸ਼ ਕੀਤੇ ਗਏ ਅਤੇ ਸਦਨ ਦੀ ਵੋਟਿੰਗ ਲਈ ਰੱਖੇ ਗਏ ਜੋ ਅਸਵੀਕਾਰ ਹੋਏ:

> "ਪਰ ਖੇਦ ਪ੍ਰਗਟ ਕਰਦਾ ਹੈ ਕਿ ਇਸ ਵਿਚ ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀਆਂ ਲਗਾਤਾਰ ਵੱਧ ਰਹੀਆਂ ਕੀਮਤਾਂ ਕਾਰਨ ਰਾਜ ਦੇ ਲੋਕਾਂ ਤੇ ਲੱਕ ਤੋੜਵੀਂ ਮਹਿੰਗਾਈ ਦੇ ਅਸਰ ਅਤੇ ਵਿੱਤੀ ਬੋਝ ਦਾ ਕਿਤੇ ਜ਼ਿਕਰ ਤੱਕ ਨਹੀਂ ਕੀਤਾ ਗਿਆ।"
>
> "ਪਰ ਖੇਦ ਪ੍ਰਗਟ ਕਰਦਾ ਹੈ ਕਿ ਇਸ ਵਿਚ ਰਾਜ ਦੇ ਸਰਕਾਰੀ ਮੁਲਾਜ਼ਮਾਂ ਨੂੰ ਡੀ.ਏ. ਦੀਆਂ ਕਿਸ਼ਤਾਂ, ਉਨ੍ਹਾਂ ਦੇ ਪਹਿਲੇ ਬਕਾਏ ਅਤੇ 6ਵੇਂ ਪੇ-ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।"
>
> "ਪਰ ਖੇਦ ਪ੍ਰਗਟ ਕਰਦਾ ਹੈ ਕਿ ਇਸ ਵਿਚ ਰਾਜ ਦੇ ਵਪਾਰੀਆਂ ਦੀਆਂ ਬੰਦ ਪਈਆਂ ਦੁਕਾਨਾਂ ਦੇ ਬਿਜਲੀ ਦੇ ਐਵਰੇਜ਼ ਬਿੱਲ ਲੱਖਾਂ/ਕਰੋੜਾਂ ਰੁਪਏ ਦੇ ਭੇਜ ਦੇ ਵਪਾਰੀ ਲੋਕਾਂ ਦੇ ਕੱਢੇ ਕਚੂੰਬਰ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। "
>
> "ਪਰ ਖੇਦ ਪ੍ਰਗਟ ਕਰਦਾ ਹੈ ਕਿ ਰਾਜ ਵਿਚ ਬੇਰੁਜ਼ਗਾਰੀ ਕਾਰਨ ਰਾਜ ਦੀ ਨੌਜਵਾਨੀ ਤੇ ਪੈ ਰਹੇ ਖਤਰਨਾਕ ਪ੍ਰਭਾਵ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ"
>
> "ਪਰ ਖੇਦ ਪ੍ਰਗਟ ਕਰਦਾ ਹੈ ਕਿ ਰਾਜ ਦੀ ਸਿਰਮੌਰ ਪੰਜਾਬੀ ਭਾਸ਼ਾ ਨੂੰ ਪ੍ਰੱਫੁਲਤ ਕਰਨ ਲਈ ਸਥਾਪਿਤ ਕੀਤੀ ਗਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਭਾਰੀ ਵਿੱਤੀ ਸੰਕਟ ਕਾਰਨ ਯੂਨੀਵਰਸਿਟੀ ਦੇ ਕੰਮਕਾਰ ਵਿਚ ਨਿਘਾਰ ਅਤੇ ਇਸ ਵਿਚ ਪ੍ਰਸਤਾਵਿਤ ਸੁਧਾਰ ਕਰਨ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।"
>
> "ਪਰ ਖੇਦ ਪ੍ਰਗਟ ਕਰਦਾ ਹੈ ਕਿ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਦਿੱਤੇ ਜਾਂਦੇ ਪੋਸਟ ਮੈਟ੍ਰਿਕ ਵਜੀਫਿਆਂ ਲਈ ਕੇਂਦਰੀ ਸਰਕਾਰ ਵਲੋਂ ਦਿੱਤੇ ਗਏ ਫੰਡਜ਼ ਵਿਚ ਵੱਡੇ ਪੱਧਰ ਤੇ ਹੋਈ ਘਪਲੇਬਾਜ਼ੀ ਦਾ ਕੋਈ ਜਿਕਰ ਨਹੀਂ ਹੈ। "
>
> "ਪਰ ਖੇਦ ਪ੍ਰਗਟ ਕਰਦਾ ਹੈ ਕਿ ਰਾਜ ਸਰਕਾਰ ਵਲੋਂ ਪ੍ਰਾਈਵੇਟ ਕਾਲਜਾਂ/ਸੰਸਥਾਵਾਂ ਵਲੋਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਰੀਇੰਬਰਸਮੈਂਟ ਕੀਤੀਆਂ ਜਾਂਦੀਆਂ ਫੀਸਾਂ ਵਿਚੋਂ 75% ਕਟੌਤੀ ਕਰਨ ਦੇ ਦਲਿਤ ਮਾਰੂ ਫੈਸਲੇ ਦੇ ਕਾਰਨਾਂ ਦਾ ਕੋਈ ਜਿਕਰ ਨਹੀਂ ਕੀਤਾ ਗਿਆ।"

15. ਵਿੱਤੀ ਕੰਮ-ਕਾਰ

**(i)** ਵਿੱਤ ਮੰਤਰੀ ਨੇ ਸਾਲ 2020-21 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕੀਤੀਆਂ।

**(ii)** ਅਨੁਮਾਨ ਕਮੇਟੀ ਦੇ ਸਭਾਪਤੀ (ਸਰਦਾਰ ਹਰਦਿਆਲ ਸਿੰਘ ਕੰਬੋਜ) ਨੇ ਸਾਲ 2020-21 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕੀਤੀ।

**(iii)** ਸਾਲ 2020-2021 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ।

1. ਰਾਜ ਦੇ ਮਾਲੀਏ ਤੇ ਭਾਰਿਤ ਖਰਚੇ ਦੇ ਅਨੁਮਾਨਾਂ ਤੇ ਬਹਿਸ।
2. ਅਨੁਪੂਰਕ ਗ੍ਰਾਂਟਾਂ ਲਈ ਮੰਗਾਂ ਤੇ ਵੋਟਿੰਗ।

ਕਾਰਜ ਸੂਚੀ ਵਿਚ ਦਰਜ ਮੰਗ ਨੰ: 1 ਤੋਂ 3, 5 ਤੋਂ 25, 27 ਤੋਂ 29 ਅਤੇ 31 ਤੋਂ 42 ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖੀਆਂ ਗਈਆਂ ਅਤੇ ਪ੍ਰਵਾਨ ਹੋਈਆਂ।

(iv) ਪੰਜਾਬ ਨਮਿੱਤਣ ਬਿਲ, 2021

ਵਿੱਤ ਮੰਤਰੀ ਨੇ ਪੰਜਾਬ ਨਮਿੱਤਣ ਬਿਲ, 2021 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ਾਂ 2 ਤੋਂ 4 ਵਿਚ ਕੋਈ ਸੋਧਨਾ ਨਾ ਹੋਣ ਕਾਰਨ ਇੱਕਠੀਆਂ, ਸ਼ਡਿਊਲ, ਕਲਾਜ਼ 1 ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਵਿੱਤ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ "ਕਿ ਪੰਜਾਬ ਨਮਿੱਤਣ ਬਿਲ, 2021 ਪਾਸ ਕੀਤਾ ਜਾਵੇ" ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਮਾਨਯੋਗ ਡਿਪਟੀ ਸਪੀਕਰ ਨੇ 11.58 ਵਜੇ ਪੂਰਵ ਦੁਪਹਿਰ ਤੋਂ 12.18 ਵਜੇ ਬਾਅਦ ਦੁਪਹਿਰ ਤੱਕ ਸਦਨ ਦੀ ਕੁਰਸੀ ਸੰਭਾਲੀ।

ਇਸ ਉਪਰੰਤ ਸਦਨ ਸੋਮਵਾਰ ਮਿਤੀ 8 ਮਾਰਚ, 2021 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।

ਚੰਡੀਗੜ੍ਹ:
5 ਮਾਰਚ, 2021

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ।